

# ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਰਣਨੀਤੀ

# ਸੰਖੇਪ ਜਾਣਕਾਰੀ

2024-2028

Punjabi | ਪੰਜਾਬੀ

# ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਰਣਨੀਤੀ 2024-2028 ਦਾ ਸੰਖੇਪ

## ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ (CALD) ਭਾਈਚਾਰਿਆਂ ਨੂੰ ਰਾਸ਼ਟਰੀ ਅਪੰਗਤਾ ਬੀਮਾ ਯੋਜਨਾ (NDIS) ਬਾਰੇ ਸਿੱਖਣ, ਪਹੁੰਚ ਕਰਨ ਅਤੇ ਵਰਤਣ ਵੇਲੇ ਬਹੁਤ ਸਾਰੀਆਂ ਚੁਣੌਤੀਆਂ ਅਤੇ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

CALD ਭਾਗੀਦਾਰਾਂ ਲਈ ਨਤੀਜਿਆਂ ਵਿੱਚ ਸੁਧਾਰ ਕਰਨ ਲਈ, ਨੈਸ਼ਨਲ ਡਿਸਏਬਿਲਟੀ ਏਜੰਸੀ (NDIA) ਨੇ ਇੱਕ ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਰਣਨੀਤੀ 2024-2028 (ਇਹ ਰਣਨੀਤੀ) ਅਤੇ ਕਾਰਜ ਯੋਜਨਾ ਤਿਆਰ ਕੀਤੀ ਹੈ।

ਇਸ ਰਣਨੀਤੀ ਦਾ ਉਦੇਸ਼ ਹੈ:

- CALD ਭਾਈਚਾਰਿਆਂ ਲਈ NDIS ਤੱਕ ਪਹੁੰਚ ਅਤੇ ਭਾਗੀਦਾਰੀ ਨੂੰ ਵਧਾਉਣਾ
- CALD ਭਾਗੀਦਾਰਾਂ ਲਈ NDIS ਯੋਜਨਾਵਾਂ ਦੀ ਵਰਤੋਂ ਨੂੰ ਵਧਾਉਣਾ
- CALD ਭਾਈਚਾਰਿਆਂ ਅਤੇ ਭਾਗੀਦਾਰਾਂ ਲਈ NDIS ਨਾਲ ਅਨੁਭਵ ਨੂੰ ਬਿਹਤਰ ਬਣਾਉਣਾ।

ਇਹ ਯਕੀਨੀ ਬਣਾਉਣ ਲਈ ਵੀ ਇੱਕ ਕਾਰਜ ਯੋਜਨਾ ਤਿਆਰ ਕੀਤੀ ਗਈ ਹੈ ਕਿ ਇਸ ਰਣਨੀਤੀ ਦੀ ਪ੍ਰਗਤੀ ਨੂੰ ਟਰੈਕ ਕੀਤਾ, ਮਾਪਿਆ ਗਿਆ ਹੈ ਅਤੇ ਰਿਪੋਰਟ ਕੀਤਾ ਜਾ ਰਿਹਾ ਹੈ। ਇਸ ਰਣਨੀਤੀ ਅਤੇ ਕਾਰਜ ਯੋਜਨਾ ਦਾ ਪੂਰਾ ਸੰਸਕਰਣ NDIS ਵੈੱਬਸਾਈਟ 'ਤੇ ਲੱਭਿਆ ਜਾ ਸਕਦਾ ਹੈ।

ਕਵਰ ਫ਼ੋਟੋ: ਸਮੇਂ ਤੋਂ 10 ਹਫ਼ਤੇ ਪਹਿਲਾਂ ਜਨਮਿਆ ਅਤੇ ਹੁਣ ਸੁਣਨ ਸ਼ਕਤੀ ਦੀ ਕਮਜ਼ੋਰੀ ਅਤੇ ਵਿਕਾਸ ਸੰਬੰਧੀ ਅਹਿਮ ਦੇਰੀ ਨਾਲ ਜੀਅ ਰਿਹਾ, ਮੈਲਬੌਰਨ ਦਾ ਬੱਚਾ ਵਿਲੋ NDIS-ਦੁਆਰਾ ਮਾਲੀ ਸਹਾਇਤਾ ਵਾਲਿਆਂ ਥੈਰੇਪੀਆਂ ਦੇ ਸਮਰਥਨ ਨਾਲ ਗ਼ੈਰ-ਮੌਖਿਕ ਸੰਚਾਰ ਕਰਨ ਵਿੱਚ ਮਾਹਰ ਬਣ ਗਿਆ ਹੈ। NDIS ਵੈੱਬਸਾਈਟ 'ਤੇ ਵਿੱਲੋ ਦੀ ਕਹਾਣੀ ਪੜ੍ਹੋ।

# ਇਹ ਰਣਨੀਤੀ ਕਿਵੇਂ ਬਣਾਈ ਗਈ ਸੀ

## ਇਹ ਰਣਨੀਤੀ ਸਹਿ-ਡਿਜ਼ਾਈਨ ਦੁਆਰਾ ਤਿਆਰ ਕੀਤੀ ਗਈ ਹੈ। ਸਹਿ-ਡਿਜ਼ਾਈਨ ਵਿੱਚ CALD ਪਿਛੋਕੜ ਵਾਲੇ ਅਪਾਹਜਤਾ ਵਾਲੇ 800 ਤੋਂ ਵੱਧ ਲੋਕਾਂ (CALD ਭਾਗੀਦਾਰਾਂ ਸਮੇਤ), ਉਨ੍ਹਾਂ ਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਦੇਖਭਾਲ ਕਰਨ ਵਾਲਿਆਂ, ਪੀਕ ਬਾਡੀਜ਼, ਅਪੰਗਤਾ ਪ੍ਰਤੀਨਿਧੀ ਸੰਸਥਾਵਾਂ ਅਤੇ ਸੇਵਾ ਪ੍ਰਦਾਤਾਵਾਂ ਦੇ ਨਾਲ ਸਹਿਯੋਗ ਕਰਨਾ ਸ਼ਾਮਲ ਹੈ।

ਇਹਨਾਂ ਭਾਗੀਦਾਰਾਂ ਅਤੇ ਸਮੂਹਾਂ ਨੇ CALD ਭਾਗੀਦਾਰਾਂ ਨੂੰ ਦਰਪੇਸ਼ ਆਉਂਦੀਆਂ ਸਮੱਸਿਆਵਾਂ ਦੀ ਰੂਪਰੇਖਾ ਤਿਆਰ ਕੀਤੀ, ਅਤੇ ਇਹਨਾਂ ਮੁੱਦਿਆਂ ਨੂੰ ਠੀਕ ਕਰਨ ਲਈ ਹੱਲ ਵਿਕਸਿਤ ਕਰਨ ਲਈ ਮਿਲ ਕੇ ਕੰਮ ਕੀਤਾ ਹੈ।

NDIA ਨੇ ਫੋਕਸ ਗਰੁੱਪਾਂ, ਭਾਈਚਾਰੇ ਨਾਲ ਗੱਲਬਾਤ, ਜਨਤਕ ਜਾਣਕਾਰੀ ਸੈਸ਼ਨਾਂ, ਔਨਲਾਈਨ ਸਰਵੇਖਣਾਂ ਅਤੇ ਲਿਖਤੀ ਬੇਨਤੀਆਂ ਰਾਹੀਂ ਸ਼ਮੂਲੀਅਤ ਕਰਵਾਈ ਹੈ।

ਕਈ ਵੱਖ-ਵੱਖ ਸ਼ਮੂਲੀਅਤਾਂ ਅਤੇ ਗਤੀਵਿਧੀਆਂ ਪ੍ਰਦਾਨ ਕਰਨ ਨਾਲ ਇਹ ਯਕੀਨੀ ਬਣਾਇਆ ਗਿਆ ਕਿ NDIS ਨੂੰ ਬਿਹਤਰ ਬਣਾਉਣ ਲਈ CALD ਪਿਛੋਕੜ ਵਾਲੇ ਅਪਾਹਜ ਲੋਕਾਂ ਦਾ ਉਹਨਾਂ ਦੇ ਅਨੁਭਵਾਂ ਅਤੇ ਵਿਚਾਰਾਂ ਨੂੰ ਸਾਂਝਾ ਕਰਨ ਲਈ ਸਮਰਥਨ ਕੀਤਾ ਗਿਆ ਸੀ।

ਇਸ ਰਣਨੀਤੀ ਅਤੇ ਕਾਰਜ ਯੋਜਨਾ ਨੂੰ ਵਿਕਸਿਤ ਕਰਨ ਲਈ, ਸਹਾਇਤਾ, ਸਲਾਹ ਅਤੇ ਮਾਰਗਦਰਸ਼ਨ ਇਹਨਾਂ ਦੁਆਰਾ ਪ੍ਰਦਾਨ ਕੀਤਾ ਗਿਆ ਹੈ:

1. ਨੈਸ਼ਨਲ ਐਥਨਿਕ ਡਿਸਏਬਿਲਟੀ ਅਲਾਇੰਸ (NEDA) ਦੁਆਰਾ, ਜੋ ਕਿ ਅਪਾਹਜ ਲੋਕਾਂ ਦੀ ਰਾਸ਼ਟਰੀ ਸੰਸਥਾ ਹੈ ਜੋ CALD ਅਤੇ ਗ਼ੈਰ-ਅੰਗਰੇਜ਼ੀ ਬੋਲਣ ਵਾਲੇ ਪਿਛੋਕੜ ਦੇ ਅਪਾਹਜ ਲੋਕਾਂ ਦੀ ਸਹਾਇਤਾ ਕਰਦੀ ਹੈ।
2. ਪ੍ਰਤੀਨਿਧੀਆਂ ਦੇ ਇੱਕ ਬਾਹਰੀ ਸਲਾਹਕਾਰ ਸਮੂਹ (EAG) ਦੁਆਰਾ, ਜੋ CALD ਪਿਛੋਕੜ ਵਾਲੇ ਅਪਾਹਜ ਲੋਕਾਂ ਨਾਲ ਕੰਮ ਕਰਦੇ ਹਨ ਅਤੇ ਉਹਨਾਂ ਦੀ ਨੁਮਾਇੰਦਗੀ ਕਰਦੇ ਹਨ।

NEDA ਅਤੇ EAG ਨਾਲ ਕੰਮ ਕਰਨ ਨੇ ਇਹ ਯਕੀਨੀ ਬਣਾਉਣ ਵਿੱਚ ਮੱਦਦ ਕੀਤੀ ਹੈ ਕਿ ਸਹਿ-ਡਿਜ਼ਾਈਨ ਪ੍ਰਕਿਰਿਆ ਦੇ ਹਰ ਪੜਾਅ ਨੂੰ ਆਪ-ਬੀਤੇ ਅਨੁਭਵਾਂ ਅਤੇ CALD ਦ੍ਰਿਸ਼ਟੀਕੋਣਾਂ ਨੇ ਜਾਣਕਾਰੀ ਸੁਚਿਤ ਕੀਤਾ ਹੈ।

# ਇਸ ਰਣਨੀਤੀ ਦਾ ਤੁਹਾਡੇ ਲਈ ਕੀ ਅਰਥ ਹੈ

## ਤਬਦੀਲੀ ਦੇ ਕਾਰਨ

ਸਹਿ-ਡਿਜ਼ਾਈਨ ਦੀ ਸ਼ੁਰੂਆਤ ਵਿੱਚ CALD ਭਾਗੀਦਾਰਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਦੇਖਭਾਲ ਕਰਨ ਵਾਲਿਆਂ ਨਾਲ ਫੋਕਸ ਗਰੁੱਪਾਂ, ਗਰੁੱਪ ਚਰਚਾਵਾਂ ਅਤੇ ਇੱਕ-ਨਾਲ-ਇੱਕ ਵਿਅਕਤੀ ਦੀ ਗੱਲਬਾਤ ਦੇ ਦੌਰ ਚੱਲੇ ਸਨ।

ਇਹਨਾਂ ਚਰਚਾਵਾਂ ਤੋਂ ਅਸੀਂ ਸਿੱਖਿਆ ਹੈ ਕਿ ਬਹੁਤ ਸਾਰੇ CALD ਭਾਈਚਾਰਿਆਂ ਨੂੰ NDIS ਤੱਕ ਪਹੁੰਚ ਕਰਨ ਅਤੇ ਇਸ ਬਾਰੇ ਸਿੱਖਣ ਵੇਲੇ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਸੀਂ ਇਹ ਵੀ ਸਿੱਖਿਆ ਹੈ ਕਿ CALD ਭਾਗੀਦਾਰਾਂ ਲਈ ਜਾਣਕਾਰੀ ਅਤੇ ਸਹਾਇਤਾ ਤੱਕ ਪਹੁੰਚ ਕਰਨਾ ਅਤੇ ਆਪਣੀਆਂ NDIS ਯੋਜਨਾਵਾਂ ਦੀ ਵਰਤੋਂ ਕਰਨਾ ਔਖਾ ਹੈ। ਜਿਹੜੀਆਂ ਚੁਣੌਤੀਆਂ ਬਾਰੇ ਅਕਸਰ ਸੁਣਿਆ ਗਿਆ, ਉਹ NDIS ਵੈੱਬਸਾਈਟ 'ਤੇ ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਰਣਨੀਤੀ 2024 – 2028 ਦੇ ਪੂਰੇ ਸੰਸਕਰਣ ਵਿੱਚ ਲੱਭੀਆਂ ਜਾ ਸਕਦੀਆਂ ਹਨ।

## NDIA ਵਿੱਚ ਕਿਵੇਂ ਸੁਧਾਰ ਹੋਵੇਗਾ

NDIA ਨੇ ਟੀਚੇ ਬਣਾਏ ਹਨ, ਜਿਨ੍ਹਾਂ ਨੂੰ 6 ਤਰਜੀਹੀ ਖੇਤਰਾਂ ਵਿੱਚ ਵੰਡਿਆ ਗਿਆ ਹੈ। ਇਹਨਾਂ ਟੀਚਿਆਂ ਦਾ ਉਦੇਸ਼ NDIS ਬਾਰੇ ਸਿੱਖਣ, ਪਹੁੰਚ ਕਰਨ ਅਤੇ ਵਰਤਣ ਲਈ CALD ਭਾਈਚਾਰਿਆਂ ਦੀ ਸਹਾਇਤਾ ਕਰਨੀ ਹੈ।

ਇਹ ਯਕੀਨੀ ਬਣਾਉਣ ਲਈ ਇੱਕ ਕਾਰਜ ਯੋਜਨਾ ਤਿਆਰ ਕੀਤੀ ਗਈ ਹੈ ਕਿ NDIA ਦੁਆਰਾ ਇਹਨਾਂ ਟੀਚਿਆਂ ਨੂੰ ਪੂਰਾ ਕੀਤਾ ਅਤੇ ਮਾਪਿਆ ਗਿਆ ਹੈ। NDIS ਵੈੱਬਸਾਈਟ 'ਤੇ ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਰਣਨੀਤੀ 2024 – 2028 ਦੀ ਕਾਰਜ ਯੋਜਨਾ ਦਾ ਪੂਰਾ ਸੰਸਕਰਣ ਦੇਖੋ।

ਉਹ 6 ਤਰਜੀਹੀ ਖੇਤਰ ਜਿਨ੍ਹਾਂ ਨੂੰ ਇਹ ਰਣਨੀਤੀ ਹੱਲ ਕਰੇਗੀ:

### 1. ਬੁਨਿਆਦੀ ਢਾਂਚਾ

NIDS ਅਤੇ ਭਾਗੀਦਾਰ ਪ੍ਰਣਾਲੀਆਂ, ਨੀਤੀਆਂ ਅਤੇ ਪ੍ਰਕਿਰਿਆਵਾਂ CALD ਭਾਈਚਾਰਿਆਂ ਦੀਆਂ ਸੱਭਿਆਚਾਰਕ ਅਤੇ ਭਾਸ਼ਾਈ ਲੋੜਾਂ ਨੂੰ ਦਰਸਾਉਂਦੀਆਂ ਹਨ।

#### ਇਹ ਤੁਹਾਡੇ ਲਈ ਕਿਹੋ ਜਿਹਾ ਲੱਗ ਸਕਦਾ ਹੈ:

ਤੁਹਾਨੂੰ NDIS ਲਈ ਅਰਜ਼ੀ ਦੇਣ, ਸਮੀਖਿਆ ਕਰਨ ਦੀ ਬੇਨਤੀ ਕਰਨ ਜਾਂ NDIS ਨੂੰ ਫੀਡਬੈਕ ਦੇਣ ਲਈ ਵਧੀਆ ਸਹਿਯੋਗ ਪ੍ਰਾਪਤ ਹੈ। ਤੁਸੀਂ ਇਹਨਾਂ ਗਤੀਵਿਧੀਆਂ ਨੂੰ ਇਸ ਤਰੀਕੇ ਨਾਲ ਕਰ ਸਕਦੇ ਹੋ ਜੋ ਤੁਹਾਡੀਆਂ ਸੱਭਿਆਚਾਰਕ ਅਤੇ ਭਾਸ਼ਾਈ ਲੋੜਾਂ ਨੂੰ ਪੂਰਾ ਕਰਦਾ ਹੈ।

## 2. ਸਟਾਫ਼ ਦੀ ਸਮਰੱਥਾ

NDIS ਅਤੇ ਭਾਗੀਦਾਰ ਸਟਾਫ਼ ਅਪਾਹਜ ਲੋਕਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਸਮੇਂ ਸਿਰ ਜਵਾਬ ਦੇਣ ਵਾਲੀ ਸੇਵਾ ਪ੍ਰਦਾਨ ਕਰਦੇ ਹਨ।

### ਇਹ ਤੁਹਾਡੇ ਲਈ ਕਿਹੋ ਜਿਹਾ ਲੱਗ ਸਕਦਾ ਹੈ:

NDIS ਅਤੇ ਭਾਗੀਦਾਰ ਸਟਾਫ਼ ਤੁਹਾਨੂੰ ਤੁਹਾਡੀਆਂ ਸੱਭਿਆਚਾਰਕ ਅਤੇ ਭਾਸ਼ਾਈ ਲੋੜਾਂ ਨੂੰ ਅੱਗੇ ਸਾਂਝਾ ਕਰਨ ਲਈ ਸਹਾਇਤਾ ਕਰਦਾ ਹੈ, ਅਤੇ ਤੁਹਾਡੀਆਂ ਲੋੜਾਂ ਲਈ ਢੁੱਕਵਾਂ ਜਵਾਬ ਦਿੰਦਾ ਹੈ।

## 3. ਅਪੰਗਤਾ ਪਹੁੰਚਯੋਗ ਸੰਚਾਰ

NDIS ਦੁਆਰਾ ਸਾਂਝੀ ਕੀਤੀ ਗਈ ਜਾਣਕਾਰੀ CALD ਪਿਛੋਕੜ ਵਾਲੇ ਅਪਾਹਜ ਲੋਕਾਂ, ਉਹਨਾਂ ਦੇ ਪਰਿਵਾਰਾਂ ਅਤੇ ਉਹਨਾਂ ਦੀ ਦੇਖਭਾਲ ਕਰਨ ਵਾਲਿਆਂ ਦੀਆਂ ਸੱਭਿਆਚਾਰਕ ਅਤੇ ਗੱਲਬਾਤ ਕਰਨ ਸੰਬੰਧੀ ਲੋੜਾਂ ਨੂੰ ਪੂਰਾ ਕਰਦੀ ਹੈ।

### ਇਹ ਤੁਹਾਡੇ ਲਈ ਕਿਹੋ ਜਿਹਾ ਲੱਗ ਸਕਦਾ ਹੈ:

NDIS ਤੁਹਾਡੇ ਨਾਲ ਤੁਹਾਡੇ ਪਸੰਦੀਦਾ ਤਰੀਕੇ ਰਾਹੀਂ ਸੰਪਰਕ ਕਰੇਗਾ ਅਤੇ ਜੇਕਰ ਤੁਹਾਨੂੰ ਇਸਦੀ ਲੋੜ ਹੈ ਤਾਂ ਉੱਚ ਗੁਣਵੱਤਾ ਵਾਲੀ ਦੁਭਾਸ਼ੀਆ ਸਹਾਇਤਾ ਤੱਕ ਪਹੁੰਚ ਕਰਨ ਵਿੱਚ ਤੁਹਾਡੀ ਮੱਦਦ ਕਰੇਗਾ।

## 4. ਬਾਜ਼ਾਰ

NDIS ਸੇਵਾਵਾਂ ਉਪਲਬਧ ਹਨ, ਅਤੇ CALD ਭਾਗੀਦਾਰਾਂ, ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਦੀਆਂ ਸੱਭਿਆਚਾਰਕ ਅਤੇ ਭਾਸ਼ਾਈ ਲੋੜਾਂ ਨੂੰ ਪੂਰਾ ਕਰਦੀਆਂ ਹਨ।

### ਇਹ ਤੁਹਾਡੇ ਲਈ ਕਿਹੋ ਜਿਹਾ ਲੱਗ ਸਕਦਾ ਹੈ:

ਤੁਸੀਂ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਢੁੱਕਵੀਆਂ NDIS ਸਹਾਇਤਾ ਅਤੇ ਸੇਵਾਵਾਂ ਨੂੰ ਲੱਭ ਸਕਦੇ ਹੋ ਅਤੇ ਉਹਨਾਂ ਤੱਕ ਪਹੁੰਚ ਕਰ ਸਕਦੇ ਹੋ।

## 5. ਡੇਟਾ (ਆਂਕੜੇ)

ਡੇਟਾ ਦੀ ਵਰਤੋਂ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ CALD ਭਾਗੀਦਾਰਾਂ ਦੀਆਂ ਲੋੜਾਂ ਨੂੰ ਸਮਝਣ ਅਤੇ NDIS ਦੇ ਪ੍ਰਭਾਵ ਨੂੰ ਸਮਝਣ ਲਈ ਕੀਤੀ ਜਾਂਦੀ ਹੈ।

### ਇਹ ਤੁਹਾਡੇ ਲਈ ਕਿਹੋ ਜਿਹਾ ਲੱਗ ਸਕਦਾ ਹੈ:

CALD ਦੀ ਇੱਕ ਪਰਿਭਾਸ਼ਾ ਬਣਾਈ ਗਈ ਹੈ ਜੋ ਤੁਹਾਡੀ ਪਛਾਣ ਨੂੰ ਬਿਹਤਰ ਢੰਗ ਨਾਲ ਦਰਸਾਉਂਦੀ ਹੈ।

## 6. ਆਊਟਰੀਚ

ਉਹਨਾਂ ਲੋਕਾਂ ਅਤੇ ਭਾਈਚਾਰਿਆਂ ਨੂੰ ਸਿੱਖਿਅਤ ਕਰਨ ਅਤੇ ਉਹਨਾਂ ਨਾਲ ਜੁੜਨ ਲਈ ਸਹਾਇਤਾ ਅਤੇ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਹਨਾਂ ਨਾਲ NDIA ਪਹਿਲਾਂ ਚੰਗੀ ਤਰ੍ਹਾਂ ਜੁੜਿਆ ਹੋਇਆ ਨਹੀਂ ਸੀ।

### ਇਹ ਤੁਹਾਡੇ ਲਈ ਕਿਹੋ ਜਿਹਾ ਲੱਗ ਸਕਦਾ ਹੈ:

ਤੁਹਾਡੇ ਭਾਈਚਾਰੇ ਨੂੰ NDIS ਅਤੇ ਅਪੰਗਤਾ ਬਾਰੇ ਵਧੇਰੇ ਸਮਝ ਹੈ ਅਤੇ ਤੁਸੀਂ NDIS ਬਾਰੇ ਗੱਲ ਕਰਨ ਜਾਂ ਅਰਜ਼ੀ ਦੇਣ ਵਿੱਚ ਵਧੇਰੇ ਆਤਮ-ਵਿਸ਼ਵਾਸ ਮਹਿਸੂਸ ਕਰਦੇ ਹੋ।

# ਅੱਗੇ ਕੀ ਹੋਵੇਗਾ

NDIA ਹੁਣ ਇਸ ਰਣਨੀਤੀ ਵਿੱਚ ਦੱਸੀਆਂ ਗਈਆਂ ਕਾਰਵਾਈਆਂ ਨੂੰ ਲਾਗੂ ਕਰਨ ਲਈ ਕੰਮ ਕਰ ਰਿਹਾ ਹੈ। ਜਿਵੇਂ-ਜਿਵੇਂ ਇਹ ਕੰਮ ਅੱਗੇ ਵੱਧੇਗਾ, ਇਸ ਰਣਨੀਤੀ ਦੀ ਪ੍ਰਗਤੀ ਨੂੰ ਮਾਪਣ ਅਤੇ ਟਰੈਕ ਕਰਨ ਲਈ ਨਿਯਮਤ ਅੱਪਡੇਟ ਪ੍ਰਦਾਨ ਕੀਤੇ ਜਾਣਗੇ।

2024 ਦੇ ਅਖੀਰ ਵਿੱਚ, ਇੱਕ ਪ੍ਰਗਤੀ ਰਿਪੋਰਟ ਵੀ ਪ੍ਰਕਾਸ਼ਿਤ ਕੀਤੀ ਜਾਵੇਗੀ। ਇਹ ਦਰਸਾਏਗਾ ਕਿ ਕੀ ਇਹ ਰਣਨੀਤੀ ਆਪਣੇ ਟੀਚਿਆਂ ਨੂੰ ਪੂਰਾ ਕਰਨ ਲਈ ਸਹੀ ਰਾਹ 'ਤੇ ਹੈ।

NDIA, CALD ਪਿਛੋਕੜ ਵਾਲੇ ਅਪਾਹਜ ਲੋਕਾਂ, EAG ਅਤੇ CALD ਸੈਕਟਰ ਦੇ ਨਾਲ ਕੰਮ ਕਰਨਾ ਜਾਰੀ ਰੱਖੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਰਣਨੀਤੀ ਲਾਗੂ ਕੀਤੀ ਗਈ ਹੈ ਅਤੇ ਭਾਈਚਾਰੇ ਦੀਆਂ ਬਦਲਦੀਆਂ ਲੋੜਾਂ ਨੂੰ ਦਰਸਾਉਂਦੀ ਹੈ।

# ਵਧੇਰੇ ਕਿਵੇਂ ਜਾਨਣਾ ਹੈ

ਜੇਕਰ ਤੁਹਾਡੇ ਕੋਲ:

- CALD ਰਣਨੀਤੀ ਬਾਰੇ ਸਵਾਲ ਹਨ
- NDIS ਨੂੰ ਲਾਗੂ ਕਰਨ ਜਾਂ ਵਰਤਣ ਲਈ ਸਹਾਇਤਾ ਦੀ ਲੋੜ ਹੈ

ਤੁਸੀਂ NDIS ਨਾਲ ਫ਼ੋਨ **1800 800 110** , ਈ-ਮੇਲ enquiries@ndis.gov.au ਜਾਂ ਵੈਬਚੈਟ ਰਾਹੀਂ ਸੰਪਰਕ ਕਰ ਸਕਦੇ ਹੋ, ਜਾਂ ਆਪਣੇ ਨਜ਼ਦੀਕੀ NDIS ਦਫ਼ਤਰ ਵਿੱਚ ਜਾ ਸਕਦੇ ਹੋ। ਦਫ਼ਤਰ ਦੇ ਸਥਾਨ NDIS ਦੀ ਵੈੱਬਸਾਈਟ 'ਤੇ ਲੱਭੇ ਜਾ ਸਕਦੇ ਹਨ।

NDIS ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਰਣਨੀਤੀ 2024-2028 ਅਤੇ ਐਕਸ਼ਨ ਪਲਾਨ ਦਾ ਪੂਰਾ ਸੰਸਕਰਣ NDIS ਵੈੱਬਸਾਈਟ 'ਤੇ ਈਜ਼ੀ ਰੀਡ ਸਮੇਤ 17 ਭਾਸ਼ਾਵਾਂ ਵਿੱਚ ਉਪਲਬਧ ਹੈ।

**[ndis.gov.au](https://ndis.gov.au)**

### ਰਾਸ਼ਟਰੀ ਅਪੰਗਤਾ ਬੀਮਾ ਏਜੰਸੀ

ਟੈਲੀਫ਼ੋਨ: 1800 800 110

ਵੈਬਚੈਟ: ndis.gov.au

### ਸਾਡੇ ਸੋਸ਼ਲ ਚੈਨਲਾਂ 'ਤੇ ਸਾਨੂੰ ਫ਼ੌਲੋ ਕਰੋ

- ਫੇਸਬੁੱਕ
- ਇੰਸਟਾਗ੍ਰਾਮ
- ਯੂਟਿਊਬ
- ਲਿੰਕਡਇਨ

### ਉਹਨਾਂ ਲੋਕਾਂ ਲਈ ਜਿਨ੍ਹਾਂ ਨੂੰ ਅੰਗਰੇਜ਼ੀ ਵਿੱਚ ਮੱਦਦ ਦੀ ਲੋੜ ਹੈ

- TIS: 131 450

### ਉਹਨਾਂ ਲੋਕਾਂ ਲਈ ਜੋ ਬੋਲ਼ੇ ਹਨ ਜਾਂ ਸੁਣਨ ਵਿੱਚ ਸਮੱਸਿਆ ਹੈ

- TTY: 1800 555 677
- ਵੌਇਸ ਰੀਲੇਅ: 1800 555 727
- ਨੈਸ਼ਨਲ ਰੀਲੇਅ ਸੇਵਾ: accesshub.gov.au